# ਰੈਸ਼ਨੇਲਾਈਜੇਸ਼ਨ ਪਾਲਿਸੀ 2013

ਪੰਜਾਬ ਰਾਜ ਵਿੱਚ ਸਕੂਲਾਂ ਦੀਆਂ ਜਮਾਤਾਂ ਅਤੇ ਸਮੂਹ ਗਰੁੱਪਾਂ (ਸਾਇੰਸ, ਕਾਮਰਸ, ਆਰਟਸ, ਵੋਕੇਸ਼ਨਲ) ਦੇ ਲੈਕਚਰਾਰ, ਮਾਸਟਰ/ਮਿਸਟ੍ਰੈਸ, ਸੀ.ਐਂਡ ਵੀ. ਕਾਡਰ ਅਤੇ ਪ੍ਰਾਇਮਰੀ ਅਧਿਆਪਕਾਂ ਦੀਆਂ ਵਾਧੂ ਅਸਾਮੀਆਂ/ਸਰਪਲੱਸ ਅਧਿਆਪਕਾਂ ਨੂੰ ਲੋੜਵੰਦ ਸਕੂਲਾਂ ਵਿੱਚ ਸ਼ਿਫਟ/ਤਬਦੀਲ ਕਰਨ ਦੀ ਜਰੂਰਤ ਹੈ।ਸਕੂਲਾਂ ਵਿੱਚੋਂ ਵਾਧੂ ਅਸਾਮੀਆਂ/ਸਰਪਲੱਸ ਅਧਿਆਪਕਾਂ ਨੂੰ ਲੋੜਵੰਦ ਸਕੂਲਾਂ ਵਿੱਚ ਸ਼ਿਫਟ/ਤਬਦੀਲ ਕਰਨ ਲਈ ਹੇਠ ਲਿਖੇ ਅਨੁਸਾਰ ਪਾਲਿਸੀ ਬਣਾਈ ਗਈ ਹੈ ।

**ੳ.** ਰੈਸਨੇਲਾਈਜੇਸ਼ਨ ਲਈ ਬੱਚਿਆਂ ਦੀ ਗਿਣਤੀ ਦਾ ਆਧਾਰ ਮਿਤੀ 30-09-2012 ਦੇ ਅੰਕੜੇ ਹੋਣਗੇ ।

**ਅ-1.** ਪਹਿਲੀ ਤੋਂ ਪੰਜਵੀਂ ਜਮਾਤ ਦੀ ਰੈਸ਼ਨੇਲਾਈਜੈਸ਼ਨ ਆਰ.ਟੀ.ਈ. ਐਕਟ ਅਨੁਸਾਰ ਕੀਤੀ ਜਾਵੇ। ਹਾਲਤ ਨੂੰ ਧਿਆਨ ਵਿੱਚ ਰੱਖਦਿਆ ਹੋਇਆ ਲੋੜ ਅਨੁਸਾਰ ਇਸ ਵਿੱਚ 10% ਦਾ ਵਾਧਾ ਕੀਤਾ ਜਾ ਸਕਦਾ ਹੈ।

**ਅ-2.** ਜਿਸ ਪ੍ਰਾਇਮਰੀ ਸਕੂਲ ਵਿਚੋਂ ਕੋਈ ਅਧਿਆਪਕ ਬੀ.ਆਰ.ਪੀ./ਡੀ.ਆਰ.ਪੀ/ਕੋਆਰਡੀਨੇਟਰ ਲੱਗਿਆ ਹੋਇਆ ਹੈ, ਉਸ ਦੀ ਥਾਂ ਤੇ ਇੱਕੋ ਸਿੱਖਿਆ ਕਰਮੀ ਹੀ ਲਾਇਆ ਜਾਵੇ।ਕਿਸੇ ਵੀ ਹਾਲਤ ਵਿੱਚ ਇਸ ਦੀ ਥਾਂ ਤੇ ਰੈਗੂਲਰ ਅਧਿਆਪਕ ਨਾ ਲਗਾਇਆ ਜਾਵੇ, ਜੇਕਰ ਸਕੂਲ ਵਿੱਚੋ ਕੋਈ ਵੀ ਅਧਿਆਪਕ ਬਤੋਰ ਬੀ.ਆਰ.ਪੀ./ਡੀ.ਆਰ.ਪੀ/ਕੋਆਰਡੀਨੇਟਰ ਕੰਮ ਨਹੀ ਕਰ ਰਿਹਾ ਅਤੇ ਸਕੂਲ ਵਿੱਚ ਸਿੱਖਿਆ ਕਰਮੀ ਲੱਗਿਆ ਹੋਇਆ ਹੈ ਅਤੇ ਰੈਸ਼ਨੇਲਾਈਜੇਸ਼ਨ ਅਨੁਸਾਰ ਅਧਿਆਪਕਾਂ ਦੀ ਗਿਣਤੀ ਵੱਧਦੀ ਹੈ ਤਾ ਪਹਿਲਾਂ ਸਿਖਿਆ ਕਰਮੀ ਸ਼ਿਫਟ ਕੀਤੇ ਜਾਣ। ਉਸ ਤੋ ਬਾਅਦ ਲੰਬੀ ਸਟੇਅ (ਠਹਿਰਾਅ) ਵਾਲੇ ਅਧਿਆਪਕਾਂ ਨੂੰ ਪਹਿਲਾਂ ਸ਼ਿਫਟ ਕੀਤਾ ਜਾਵੇ।

**ੲ.** ਮਿਡਲ ਜਮਾਤਾਂ ਲਈ ਅਧਿਆਪਕ ਵਿਦਿਆਰਥੀ ਅਨੁਪਾਤ 1:35, ਹਾਈ ਜਮਾਤਾਂ (ਨੌਵੀਂ ਅਤੇ ਦਸਵੀਂ) ਲਈ ਅਧਿਆਪਕ ਵਿਦਿਆਰਥੀ ਅਨੁਪਾਤ 1:40 ਅਤੇ 11ਵੀਂ-12ਵੀਂ ਜਮਾਤਾਂ ਲਈ ਅਧਿਆਪਕ ਵਿਦਿਆਰਥੀ ਅਨੁਪਾਤ 1:50 ਹੋਵੇਗਾ ।ਮਿਡਲ ਲਈ 40 ਤੋਂ ਵੱਧ ਅਤੇ ਹਾਈ ਵਿਭਾਗਾਂ ਵਿੱਚ ਦੂਜਾ ਸੈਕਸ਼ਨ 45 ਤੋਂ ਵੱਧ ਵਿਦਿਆਰਥੀਆਂ ਲਈ ਅਤੇ 11ਵੀਂ-12ਵੀਂ ਜਮਾਤਾਂ ਲਈ ਦੂਜਾ ਸੈਕਸ਼ਨ 55 ਤੋਂ ਵੱਧ ਵਿਦਿਆਰਥੀਆਂ ਲਈ ਬਣਾਇਆ ਜਾਵੇਗਾ।

**ਸ.** 11ਵੀਂ, 12ਵੀਂ ਜਮਾਤ ਦੇ ਸਾਇੰਸ ਗਰੁੱਪ ਲਈ ਅਧਿਆਪਕ ਵਿਦਿਆਰਥੀ ਅਨੁਪਾਤ 1:40 ਹੋਵੇਗਾ ਪਰ ਦੂਜਾ ਸੈਕਸ਼ਨ 45 ਤੋਂ ਵੱਧ ਵਿਦਿਆਰਥੀਆਂ ਲਈ ਹੋਵੇਗਾ ਅਤੇ 26 ਵਿਦਿਆਰਥੀਆਂ ਤੇ ਪ੍ਰੈਕਟੀਕਲ ਦਾ ਦੂਜਾ ਸੈਕਸ਼ਨ ਬਣਾਇਆ ਜਾ ਸਕੇਗਾ।

**ਹ.** ਸਕੂਲ ਵਿਖੇ ਸਟਰੀਮ/ਗਰੁੱਪ/ਮਨਜੂਰ ਪੋਸਟ ਦਾ ਵਿਸ਼ਾ ਚਲਾਉਣ ਲਈ 11ਵੀਂ ਜਮਾਤ ਵਿੱਚ ਘੱਟ ਤੋਂ ਘੱਟ 10 ਵਿਦਿਆਰਥੀਆਂ ਦਾ ਹੋਣਾ ਜਰੂਰੀ ਹੈ।ਇਸ ਤੋਂ ਘੱਟ ਵਿਦਿਆਰਥੀ ਹੋਣ ਤੇ ਸਟਰੀਮ/ਗਰੁੱਪ/ਵਿਸ਼ਾ ਚਾਲੂ ਨਹੀਂ ਕੀਤਾ ਜਾਵੇਗਾ। ਜੇਕਰ ਮੈਡੀਕਲ/ਨਾਨ-ਮੈਡੀਕਲ ਗਰੁੱਪ ਵਿੱਚ ਕਿਸੇ ਇੱਕ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 10 ਤੋਂ ਘੱਟ ਹੈ ਤਾਂ ਗਰੁੱਪ ਚਾਲੂ ਰੱਖਣ ਖਾਤਰ ਘੱਟ ਗਿਣਤੀ ਵਾਲੇ ਵਿਸ਼ੇ ਦੀ ਅਸਾਮੀ ਸ਼ਿਫਟ ਨਹੀਂ ਕੀਤੀ ਜਾਵੇਗੀ।ਜਿਨ੍ਹਾਂ ਸਕੂਲ ਵਿੱਚ ਸਾਇੰਸ ਗਰੁੱਪ ਚਲਦਾ ਹੈ ਜਾਂ ਚਲਾਉਣਾ ਬਣਦਾ ਹੈ ਉਹਨਾ ਸਕੂਲਾਂ ਵਿੱਚ ਸਾਇੰਸ ਗਰੁੱਪ ਦੇ ਚਾਰੇ ਵਿਸ਼ਿਆਂ ਦੀਆ ਅਸਾਮੀਆ ਹਰ ਹਾਲਤ ਵਿਚ ਭਰੀਆ ਜਾਣ ।

**ਕ. (1) ਅਧਿਆਪਕਾਂ ਵਲੋਂ ਲਏ ਜਾ ਰਹੇ ਹਫਤਾਵਾਰ ਪੀਰੀਅਡਾਂ ਦਾ ਨਾਰਮ ਹੇਠ ਲਿਖੇ ਅਨੁਸਾਰ ਹੋਵੇਗਾ।**

| ਲੜੀ ਨੰ: | ਅਹੁਦਾ | ਵਿਦਿ. ਦੀ ਗਿਣਤੀ | ਪੀਰੀਅਡਾਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| 1. | ਪ੍ਰਿੰਸੀਪਲ | ---- | 6 (ਸੀਨੀਅਰ ਜਮਾਤਾਂ ਦੇ ) | **ਕਲਸਟਰ ਇੰਚਾਰਜ ਹੋਣ ਦੇ ਨਾਤੇ ਕੋਈ ਛੋਟ ਨਹੀਂ।** |
| 2. | ਮੁੱਖ-ਅਧਿਆਪਕ | 500 ਤੱਕ | 15 (ਸੀਨੀਅਰ ਜਮਾਤਾਂ ਦੇ) | |
| | | 1000 ਤੱਕ | 12 (ਸੀਨੀਅਰ ਜਮਾਤਾਂ ਦੇ) | |
| | | 1500 ਤੱਕ | 10 (ਸੀਨੀਅਰ ਜਮਾਤਾਂ ਦੇ) | |
| | | 2000 ਤੱਕ | 07 (ਸੀਨੀਅਰ ਜਮਾਤਾਂ ਦੇ) | |

| | | | | |
|---|---|---|---|---|
| 3. | ਲੈਕਚਰਾਰ | ----- | 30-33 | 10+1 ਅਤੇ 10+2 ਸ਼ੇਣੀਆਂ ਵਿੱਚ ਪੀਰੀਅਡ ਪੂਰੇ ਨਾ ਹੋਣ ਦੀ ਸੂਰਤ ਵਿੱਚ ਸਬੰਧਿਤ ਲੈਕ. ਨੂੰ ਹੇਠਲੀਆਂ ਕਲਾਸਾਂ ਦੇ ਉਸ ਵਿਸ਼ੇ ਦੇ ਪੀਰੀਅਡ ਦਿੱਤੇ ਜਾਣਗੇ ਜਿਸ ਵਿਸ਼ੇ ਦਾ ਉਹ ਲੈਕ. ਹੈ। ਜੇਕਰ ਫਿਰ ਵੀ ਵਰਕ ਲੋਡ ਪੂਰਾ ਨਹੀਂ ਹੁੰਦਾ ਤਾਂ ਉਸ ਵਿਸ਼ੇ ਦੇ ਪੀਰੀਅਡ ਦਿੱਤੇ ਜਾ ਸਕਦੇ ਹਨ,ਜਿਸ ਵਿਸ਼ੇ ਵਿੱਚੋਂ ਉਹ ਪ੍ਰਮੋਟ ਹੋਇਆ ਹੈ। |
| 4. | ਮਾਸਟਰ/ ਮਿਸਟ੍ਰੈਸ/ ਕੰਪਿਊਟਰ ਟੀਚਰ/ ਵੋਕੇਸਨਲ ਮਾਸਟਰ | ------ | 33-36 | |
| 5. | ਸੀ.ਐਂਡ ਵੀ. / ਵੋਕੇਸਨਲ ਟੀਚਰ | ------ | 33-36 | |

ਰੈਸ਼ਨੇਲਾਈਜੇਸ਼ਨ ਲਈ ਪੀਰੀਅਡਾਂ ਦੀ ਗਿਣਤੀ ਕਰਦੇ ਸਮੇਂ ਲੈਕਚਰਾਰ ਦੇ 32, ਮਾਸਟਰ 34 ਅਤੇ ਸੀ.ਐਂਡ.ਵੀ. ਕਾਡਰ ਦੇ 36 ਪੀਰੀਅਡ ਗਿਣੇ ਜਾਣ।

**ਕ. (2/1)** ਪ੍ਰਿੰਸੀਪਲ/ ਹੈੱਡ-ਮਾਸਟਰ ਵਲੋਂ ਲਏ ਜਾਣ ਵਾਲੇ ਪੀਰੀਅਡ ਸਬੰਧਤ ਵਿਸ਼ੇ ਦੇ ਕਿਸੇ ਵੀ ਹੋਰ ਅਧਿਆਪਕ ਦੇ ਖਾਤੇ ਵਿੱਚ ਨਹੀ ਗਿਣੇ ਜਾਣਗੇ। ਸਕੂਲ ਵਿਚ ਕਿਸੇ ਵਿਸ਼ੇ ਦੀ ਅਸਾਮੀ ਹੋਰ ਦੇਣ ਜਾਂ ਅਸਾਮੀ ਸਰਪਲੱਸ ਕਰਨ ਸਮੇਂ ਸਕੂਲ ਮੁੱਖੀ ਦੇ ਹਿਸੇ ਦੇ ਪੀਰੀਅਡ ਪਾ ਕੇ ਭਰਪਾਈ ਕਰ ਲਈ ਜਾਵੇ।

**ਕ. (2/2**) ਜਿਸ ਵਿਸ਼ੇ ਦੀ ਸਕੂਲ ਵਿੱਚ ਪੋਸਟ ਮਨਜੂਰ ਨਹੀਂ ਹੈ ਉਹ ਵਿਸ਼ਾ ਸਕੂਲ ਵਿੱਚ ਚਾਲੂ ਨਾ ਕੀਤਾ ਜਾਵੇ। ਪੇਂਡੂ ਸਕੂਲਾਂ ਵਿੱਚ ਵਿਦਿ. ਦੀ ਮੰਗ ਤੇ ਸਿਹਤ ਤੇ ਸਰੀਰਕ ਸਿੱਖਿਆ ਦਾ ਵਿਸ਼ਾ ਚਾਲੂ ਕੀਤਾ ਜਾ ਸਕਦਾ ਹੈ ਪਰ ਇਸ ਵਿਸ਼ੇ ਦੇ ਪੀਰੀਅਡ ਡੀ.ਪੀ.ਈ ਅਧਿਆਪਕ ਨੂੰ ਹੀ ਦਿੱਤੇ ਜਾਣ, ਕਿਸੇ ਹੋਰ ਵਿਸ਼ੇ ਦੇ ਲੈਕਚਰਾਰ ਨੂੰ ਨਹੀਂ। ਜੇਕਰ ਡੀ.ਪੀ.ਈ. ਦੀ ਆਸਾਮੀ ਖਾਲੀ ਹੈ ਤਾਂ ਕਿਸੇ ਹੋਰ ਲੈਕਚਰਾਰ ਨੂੰ ਇਹ ਪੀਰੀਅਡ ਦਿੱਤੇ ਜਾ ਸਕਦੇ ਹਨ।

ਫਿਜਿਕਲ ਐਜੂਕੇਸ਼ਨ ਵਿਸ਼ੇ ਦੀ ਪੋਸਟ:- ਫਿਜੀਕਲ ਲੈਕਚਰਾਰ, ਡੀ.ਪੀ.ਈ. ਅਤੇ ਪੀ.ਟੀ.ਆਈ. ਦੀਆਂ ਆਸਾਮੀਆਂ ਦੀ ਵੰਡ ਕਰਦੇ ਸਮੇਂ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਵੇ।

ਮਿਡਲ ਸਕੂਲਾਂ ਵਿੱਚ ਸਿਰਫ ਪੀ.ਟੀ.ਆਈ. ਅਧਿਆਪਕ ਲਾਏ ਜਾਣ।

ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪਹਿਲ ਦੇ ਅਧਾਰ ਤੇ ਲੈਕਚਰਾਰ ਸਰੀਰਕ ਸਿੱਖਿਆ ਦੀ ਅਸਾਮੀ ਦਿੱਤੀ ਜਾਵੇ। ਲੈਕਚਰਾਰ ਸਰੀਰਕ ਸਿੱਖਿਆ ਦੀ ਅਸਾਮੀ ਉਪਲਬਧ ਨਾ ਹੋਣ ਤੇ ਡੀ.ਪੀ.ਈ. ਦੀ ਅਸਾਮੀ ਦਿੱਤੀ ਜਾਵੇ। ਇਸੇ ਤਰ੍ਹਾਂ ਹਾਈ ਸਕੂਲਾਂ ਵਿੱਚ ਡੀ.ਪੀ.ਈ. ਦੀ ਅਸਾਮੀ ਪਹਿਲ ਦੇ ਅਧਾਰ ਤੇ ਦਿੱਤੀ ਜਾਵੇ। ਡੀ.ਪੀ.ਈ. ਦੀ ਅਸਾਮੀ ਉਪਲਬਧ ਨਾ ਹੋਣ ਤੇ ਪੀ.ਟੀ.ਆਈ. ਦੀ ਅਸਾਮੀ ਦਿੱਤੀ ਜਾਵੇ।ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਵਿੱਚ ਸੈਕਸ਼ਨਾਂ ਦੀ ਗਿਣਤੀ ਅਨੁਸਾਰ ਜੇਕਰ ਦੂਸਰੀ ਅਸਾਮੀ ਦੀ ਲੋੜ ਪੈਂਦੀ ਹੈ ਤਾ ਪੀ.ਟੀ.ਆਈ. ਦੀ ਅਸਾਮੀ ਦਿੱਤੀ ਜਾਵੇ। ਪੀ.ਟੀ.ਆਈ. ਦੀ ਅਸਾਮੀ ਜਿਲ੍ਹੇ ਵਿੱਚ ਸਰਪਲੱਸ ਹੋਣ ਦੀ ਸੂਰਤ ਵਿੱਚ ਸਿਰਫ ਖਾਲੀ ਅਸਾਮੀ ਮੰਡਲ ਪੂਲ ਵਿੱਚ ਸ਼ਿਫਟ ਕੀਤੀ ਜਾਵੇ। ਕਰਮਚਾਰੀ ਨੂੰ ਜਿਲ੍ਹੇ ਵਿੱਚ ਹੀ ਅਡਜ਼ਸਟ ਕੀਤਾ ਜਾਵੇ।

**ਕ. (2/3**) ਸਰਕਾਰ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਸਾਰੇ ਪ੍ਰਾਇਮਰੀ ਸਕੂਲ਼ਾਂ ਵਿੱਚ ਅਖੀਰਲਾ ਪੀਰੀਅਡ ਖੇਡਾਂ ਦਾ ਹੋਵੇਗਾ। ਇਸ ਪੀਰੀਅਡ ਦੀ ਸੁਪਰਵਿਜ਼ਨ ਪ੍ਰਾਇਮਰੀ ਸਕੂਲ ਦੇ ਸਟਾਫ ਤੋਂ ਇਲਾਵਾ ਉਨ੍ਹਾਂ ਦੇ ਕੰਪਲੈਕਸ ਜਾਂ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਸਥਿਤ ਕਿਸੇ ਵੀ ਸਕੂਲ ਦੇ ਪੀ.ਟੀ.ਆਈ. ਜਾਂ ਡੀ.ਪੀ.ਈ. ਅਧਿਆਪਕ ਕਰਨਗੇ। ਇਹ ਪੀਰੀਅਡ ਉਨ੍ਹਾਂ ਦੇ ਟਾਇਮ ਟੇਬਲ ਵਿੱਚ ਸ਼ਾਮਿਲ ਕੀਤਾ ਜਾਵੇਗਾ।

**ਕ. (2/4)** ਜੇਕਰ ਸਕੂਲ ਵਿੱਚ ਕਿਸੇ ਵਿਸ਼ੇ ਦੇ ਲੈਕਚਰਾਰ ਦੀ ਮੰਨਜੂਰ ਪੋਸਟ ਖਾਲੀ ਪਈ ਹੈ ਅਤੇ ਉਹ ਵਿਸ਼ਾ ਸਕੂਲ ਵਿੱਚ ਚੱਲ ਰਿਹਾ ਹੈ ਤਾਂ ਇਸ ਵਿਸ਼ੇ ਦੇ ਪੀਰੀਅਡ ਵੀ ਕਿਸੇ ਹੋਰ ਵਿਸ਼ੇ ਦੇ ਲੈਕਚਰਾਰ ਨੂੰ ਦਿੱਤੇ ਜਾ ਸਕਦੇ ਹਨ,ਪਰ ਇੱਥੇ ਇਸ ਗੱਲ ਦਾ

ਖਿਆਲ ਰੱਖਿਆ ਜਾਵੇ ਕਿ ਭਾਸ਼ਾ ਅਤੇ ਸ਼ੋਸ਼ਲ ਸਾਇੰਸ(ਅਰਥਸ਼ਾਸ਼ਤਰ/ ਰਾਜਨੀਤੀ ਸ਼ਾਸ਼ਤਰ/ ਇਤਿਹਾਸ/ ਸਮਾਜ ਸ਼ਾਸ਼ਤਰ) ਦੇ ਵਿਸ਼ੇ ਸ਼ੋਸ਼ਲ ਸਾਇੰਸ ਵਾਲੇ ਲੈਕਚਰਾਰ ਨੂੰ ਅਤੇ ਸਾਇੰਸ (ਫਿਜਿਕਸ/ ਕਮਿਸਟਰੀ/ ਬਾਇਉ./ ਮੈਥ) ਦੇ ਵਿਸ਼ੇ ਸਾਇੰਸ ਵਾਲੇ ਲੈਕਚਰਾਰ ਜਾਂ ਐਮ. ਐਸ.ਸੀ ਸਾਇੰਸ ਮਾਸਟਰ ਨੂੰ ਦਿੱਤੇ ਜਾ ਸਕਦੇ ਹਨ। ਜੇ ਕੋਈ ਲੈਕਚਰਾਰ ਆਪਣੇ ਵਿਸ਼ੇ ਤੋਂ ਬਿਨਾਂ ਕਿਸੇ ਹੋਰ ਵਿਸ਼ੇ ਦੀ ਵੀ ਪੋਸਟ ਗਰੈਜੂਏਟ ਯੋਗਤਾ ਰੱਖਦਾ ਹੈ ਤਾਂ ਉਸ ਨੂੰ ਉਸ ਵਿਸ਼ੇ ਦੇ ਵੀ ਪੀਰੀਅਡ ਦਿੱਤੇ ਜਾ ਸਕਦੇ ਹਨ ਬਸ਼ਰਤੇ ਕਿ ਉਹ ਵਿਸ਼ਾ ਸਕੂਲ ਵਿੱਚ ਚੱਲਦਾ ਹੋਵੇ ਤੇ ਉਸ ਵਿਸ਼ੇ ਦੀ ਪੋਸਟ ਖਾਲੀ ਹੋਵੇ।

**ਕ. (2/5)** ਰੈਸ਼ਨੇਲਾਈਜੇਸ਼ਨ ਦਾ ਭਾਵ ਹੈ ਕਿ ਸਕੂਲ ਵਿੱਚ ਲੋੜ ਅਨੁਸਾਰ ਅਸਾਮੀਆਂ ਉਪਲਬਧ ਕਰਵਾਉਣਾ ਪਰ ਰੈਸ਼ਨੇਲਾਈਜੇਸ਼ਨ ਉਪਰੰਤ ਲੈਕਚਰਾਰ/ਮਾਸਟਰ/ਸੀ.ਐਂਡ.ਵੀ ਕਾਡਰ ਵਿੱਚ ਕੰਮ ਦੀ ਵੰਡ ਉਹਨਾ ਦੇ ਕਾਡਰ ਅਨੁਸਾਰ ਕੀਤੀ ਜਾਵੇ। ਉਦਾਹਰਣ ਦੇ ਤੌਰ ਤੇ ਕਿਸੇ ਸਿੰਗਲ ਸੈਕਸ਼ਨ ਸੀਨੀ. ਸੈਕੰ. ਸਕੂਲ ਵਿੱਚ 6ਵੀਂ ਤੋਂ 10ਵੀਂ ਜਮਾਤ ਦੇ ਅੰਗਰੇਜੀ ਅਤੇ ਐਸ. ਐਸ. ਵਿਸ਼ੇ ਦੇ ਕੁੱਲ ਮਿਲਾ ਕੇ 66 ਪੀਰੀਅਡ ਬਣਦੇ ਹਨ। ਸਕੂਲ ਵਿੱਚ ਮੌਜੂਦ ਆਰਟਸ ਗਰੁੱਪ ਦੇ ਤਿੰਨ ਲੈਕਚਰਾਰਾਂ ਨੂੰ ਉਹਨਾਂ ਦੇ ਪੀਰੀਅਡ ਪੂਰੇ ਕਰਨ ਲਈ ਜੇਕਰ ਹੇਠਲੀਆਂ ਜਮਾਤਾਂ ਦੇ ਅੰਗਰੇਜੀ ਅਤੇ ਐਸ.ਐਸ. ਵਿਸ਼ੇ ਦੇ 60 ਪੀਰੀਅਡ ਦੇ ਦਿੱਤੇ ਜਾਣ ਤਾਂ ਬਾਕੀ ਬਚਦੇ 6 ਪੀਰੀਅਡਾਂ ਲਈ ਐਸ.ਐਸ. ਮਾਸਟਰ ਦੀ ਇੱਕ ਪੋਸਟ ਦੇਣੀ ਬਣਦੀ ਹੈ।ਪਰ ਇਸਦਾ ਮਤਲਬ ਇਹ ਬਿਲਕੁਲ ਨਾ ਲਿਆ ਜਾਵੇ ਕਿ ਸਕੂਲ ਵਿੱਚ ਉਹ ਐਸ.ਐਸ. ਮਾਸਟਰ ਸਿਰਫ 6 ਪੀਰੀਅਡ ਹੀ ਲਵੇਗਾ।ਉਸ ਸ.ਸ ਮਾਸਟਰ ਨੂੰ ਉਨ੍ਹਾਂ 60 ਪੀਰੀਅਡਾਂ ਵਿੱਚੋਂ ਬਣਦੇ ਪੀਰੀਅਡ ਦੇ ਕੇ ਉਸਦੇ ਪੀਰੀਅਡ ਪੂਰੇ ਕੀਤੇ ਜਾਣ। ਕਾਡਰ ਅਨੁਸਾਰ ਅਧਿਆਪਕਾਂ ਵਿੱਚ ਕੰਮ ਦੀ ਵੰਡ ਕੀਤੀ ਜਾਵੇ।

**ਕ. (2/6)** ਜਿਸ ਸਕੂਲ ਵਿੱਚ ਸਾਇੰਸ / ਕਾਮਰਸ ਗਰੁੱਪ ਦੇ ਲੈਕਚਰਾਰ ਹਨ ਪਰੰਤੂ ਇਹਨਾਂ ਦੇ ਵਿਸ਼ੇ ਦਾ ਕੋਈ ਵੀ ਵਿਦਿਆਰਥੀ ਨਹੀ ਹੈ ਤਾਂ ਇਹਨਾਂ ਨੂੰ ਹੇਠਲੀਆਂ ਜਮਾਤਾਂ ਦੇ ਪੀਰੀਅਡ ਦਿੱਤੇ ਜਾਣ।

**ਕ. (3/1)** 6ਵੀਂ ਤੋਂ 10ਵੀਂ ਤੱਕ ਦੀਆਂ ਸ਼੍ਰੇਣੀਆਂ ਲਈ ਵੱਖ-ਵੱਖ ਵਿਸ਼ਿਆਂ ਦੀ ਹਫਤਾਵਾਰੀ ਪੀਰੀਅਡਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:

| **ਵਿਸ਼ਾ** | **6ਵੀਂ ਤੋਂ 8ਵੀਂ ਜਮਾਤ** | **9ਵੀਂ ਤੋਂ 10ਵੀਂ ਜਮਾਤ** |
|---|---|---|
| ਅੰਗਰੇਜੀ | 8 | 7 |
| ਸਮਾਜਿਕ ਸਿੱਖਿਆ | 6 | 5 |
| ਪੰਜਾਬੀ | 6 | 6 |
| ਹਿੰਦੀ | 4 | 5 |
| ਹਿਸਾਬ | 8 | 7 |
| ਸਾਇੰਸ | 6 | 8 |
| ਸਰੀਰਿਕ ਸਿੱਖਿਆ | 3 | 3 |
| ਚੋਣਵਾਂ ਵਿਸ਼ਾ | 3 | 3 |
| ਕੰਪਿਊਟਰ ਸਿੱਖਿਆ | 4 | 4 |
| ਕੁੱਲ ਜੋੜ | 48 | 48 |

**ਕ. (3/2)** 10+1 ਅਤੇ 10+2 ਸ਼੍ਰੇਣੀਆਂ ਲਈ ਵੱਖ-ਵੱਖ ਵਿਸ਼ਿਆਂ ਦੀ ਹਫਤਾਵਾਰੀ ਪੀਰੀਅਡਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:

| **ਲੜੀ ਨੰ:** | **ਸਟਰੀਮ/ਗਰੁੱਪ** | **ਵਿਸ਼ਾ** | **ਪੀਰੀਅਡਾਂ ਦੀ ਗਿਣਤੀ** | |
|---|---|---|---|---|
| | | | **ਥਿਉਰੀ** | **ਪ੍ਰੈਕਟੀਕਲ** |
| 1 | ਸਾਇੰਸ ਮੈਡੀਕਲ/ਨਾਨ ਮੈਡੀਕਲ | ਫਿਜਿਕਸ | 6 | 4 |
| | | ਕੈਮਿਸਟਰੀ | 6 | 4 |
| | | ਬਾਇਓਲਾਜੀ | 6 | 4 |
| | | ਹਿਸਾਬ | 10 | ਲਾਗੂ ਨਹੀਂ |
| 2. | ਕਾਮਰਸ ਗਰੁੱਪ | ਬਿਜਨਸ ਸਟਡੀਜ-I/II | 6 | ਲਾਗੂ ਨਹੀਂ |
| | | ਅਕਾਊਂਟੈਂਸੀ-I/II | 6 | 2 |

| | | | | |
|---|---|---|---|---|
| | | ਬਿਜਨਸ ਇਕਨਾਮਿਕਸ ਅਤੇ ਕੁਆਨਟੇਟਿਵ ਮੈਥਡ-I/II | 6 | ਲਾਗੂ ਨਹੀਂ |
| | | ਮਾਡਰਨ ਆਫਿਸ ਪ੍ਰੈਕਟਿਸ/ਫੰਡਾਮੈਂਟਲ ਆਫ ਈ-ਬਿਜਨਸ | 6 | 2 |
| 3. | ਭਾਸ਼ਾਵਾਂ | ਲਾਜਮੀ ਪੰਜਾਬੀ | 6 | ਲਾਗੂ ਨਹੀਂ |
| | | ਲਾਜਮੀ ਅੰਗਰੇਜੀ | 6 | ਲਾਗੂ ਨਹੀਂ |
| | | ਚੋਣਵੀਂ ਪੰਜਾਬੀ/ਅੰਗਰੇਜੀ/ਹਿੰਦੀ | 9 | ਲਾਗੂ ਨਹੀਂ |
| 4. | ਹਿਊਮੈਨਟੀਜ | ਹਿਸਟਰੀ | 6 | ਲਾਗੂ ਨਹੀਂ |
| | | ਪੋਲ.ਸਾਇੰਸ | 6 | ਲਾਗੂ ਨਹੀਂ |
| | | ਇਕਨਾਮਿਕਸ | 6 | ਲਾਗੂ ਨਹੀਂ |
| | | ਸੋਸ਼ਿਆਲੋਜੀ | 6 | ਲਾਗੂ ਨਹੀਂ |
| | | ਸਰੀਰਿਕ ਸਿੱਖਿਆ | 2 | 4 |
| | | ਮਿਊਜਿਕ | 2 | 4 |
| | | ਫਾਈਨ ਆਰਟਸ | 2 | 4 |
| | | ਜੋਗਰਾਫੀ | 6 | 3 |
| | | ਹੋਮ ਸਾਇੰਸ | 6 | 3 |
| | | ਖੇਤੀਬਾੜੀ | 6 | 3 |
| 5. | ਸਾਰੇ ਗਰੁੱਪ | ਵਾਤਾਵਰਣ | 2 | ਲਾਗੂ ਨਹੀਂ |
| | | ਕੰਪਿਊਟਰ ਸਿੱਖਿਆ | 2 | 2 |

**ਨੋਟ: 10+1 ਅਤੇ 10+2 ਪੱਧਰ ਤੇ ਵਾਤਾਵਰਣ ਸਿੱਖਿਆ ਲਈ ਕੋਈ ਵੱਖਰੇ ਲੈਕਚਰਾਰ ਨਹੀ ਹੁੰਦੇ। ਇਸ ਲਈ ਇਹ ਪੀਰੀਅਡ ਹੇਠ ਲਿਖੇ ਅਨੁਸਾਰ ਪਹਿਲ ਦੇ ਅਧਾਰ ਤੇ ਅਲਾਟ ਕੀਤੇ ਜਾਣ:-**

1) ਲੈਕਚਰਾਰ ਬਾਇਓ. 2) ਲੈਕਚਰਾਰ ਜੋਗਰਾਫੀ, 3) ਲੈਕਚਰਾਰ ਫਿਜਿਕਸ/ਕਮੀਸਟਰੀ, 4) ਸਕੂਲ ਮੁੱਖੀ ਦੇ ਪ੍ਰਬੰਧ ਅਨੁਸਾਰ।

**ਕ (3/3) ਹਫਤਾਵਾਰੀ ਪੀਰੀਅਡਾਂ ਅਨੁਸਾਰ ਪੋਸਟਾਂ ਦੀ ਵੰਡ:-**

| ਲੈਕਚਰਾਰ ਕਾਡਰ/ਪੀਰੀਅਡ/ ਅਸਾਮੀ | ਮਾਸਟਰ ਕਾਡਰ | | | | | | ਸੀ.ਐਂਡ.ਵੀ. ਕਾਡਰ |
|---|---|---|---|---|---|---|---|
| | ਮਿਡਲ ਸਕੂਲ | | | ਹਾਈ ਅਤੇ ਸਕੈਂਡਰੀ ਸਕੂਲ | | | |
| ਸਾਰੇ ਵਿਸ਼ੇ (ਪ੍ਰਤੀ ਵਿਸ਼ਾ) | ਸ਼ੈਕਸ਼ਨ | ਸਸ | ਸਾਇੰਸ ਅਤੇ ਮੈਥ | ਮੈਥ ਅਤੇ ਸਾਇੰਸ (ਇੱਕਠੇ) | | ਬਾਕੀ ਵਿਸ਼ੇ (ਪ੍ਰਤੀ ਵਿਸ਼ਾ) | (ਪ੍ਰਤੀ ਵਿਸ਼ਾ) |
| 1-40=1 | 3 ਸ਼ੈਕਸਨ | 1 | 1 (ਨਾਨ-ਮੈਡੀਕਲ) | 1-36 (ਇੱਕ ਸਾਇੰਸ ਨਾਨ-ਮੈਡੀਕਲ) | | 1-42=1 | 1-42=1 |
| 41-72=2 | 4 ਸ਼ੈਕਸਨ | 1 | 2 (1 ਨਾਨ-ਮੈਡੀਕਲ ਤੇ 1 ਮੈਡੀਕਲ) | 37-70 (ਇੱਕ ਸਾਇੰਸ-ਮੈਡੀਕਲ ਅਤੇ ਇੱਕ ਮੈਥ ਮਾਸਟਰ) | | 43-76=2 | 43-78=2 |
| 73-104=3 | 5 ਸ਼ੈਕਸਨ | 2 | 2 (1 ਨਾਨ-ਮੈਡੀਕਲ ਤੇ 1 ਮੈਡੀਕਲ) | 71-104 (ਦੋ ਸਾਇੰਸ- ਇੱਕ ਨਾਨ-ਮੈਡੀਕਲ ਤੇ ਇੱਕ ਮੈਡੀਕਲ) ਅਤੇ ਇੱਕ ਮੈਥ ਮਾਸਟਰ | | 77-110=3 | 79-114=3 |
| 105-136=4 | 6 ਸ਼ੈਕਸਨ ਜਾਂ ਇਸ ਤੋਂ ਵੱਧ | ਹਾਈ ਸਕੂਲਾਂ ਵਾਲੇ ਨਾਰਮ ਅਨੁਸਾਰ | ਹਾਈ ਸਕੂਲਾਂ ਵਾਲੇ ਨਾਰਮ ਅਨੁਸਾਰ | 105 ਪੀਰੀਅਡਾਂ ਤੋਂ ਵੱਧ ਲਈ ਦੋਹਾਂ ਵਿਸ਼ਿਆਂ ਦੇ ਵੱਖੋ- ਵੱਖਰੇ ਪੀਰੀਅਡ ਗਿਣ ਕੇ ਹੇਠ ਲਿਖੇ ਨਾਰਮ ਅਨੁਸਾਰ ਸਾਇੰਸ ਅਤੇ ਮੈਥ ਦੀਆਂ ਆਸਾਮੀਆਂ ਦਿੱਤੀਆਂ ਜਾਣ। | | 111-144=4 | 115-150=4 |
| 137-168=5 | | | | 1-36=1 ਸਾਇੰਸ | 1-36=1 ਮੈਥ | 145-178=5 | 151-186=5 |
| 169-200=6 | | | | 37-70=2 ਸਾਇੰਸ | 37-70=2 ਮੈਥ | 179-212=6 | 187-222=6 |
| 201-232=7 | | | | 71-104=3 ਸਾਇੰਸ | 71-104=3 ਮੈਥ | 213-246=7 | 223-258=7 |
| 233-264=8 | | | | 105-138=4 ਸਾਇੰਸ | 105-138=4 ਮੈਥ | 247-280=8 | 259-294=8 |

| | | | | | | | |
|---|---|---|---|---|---|---|---|
| 265-296=9 | | | | 139-172=5 ਸਾਇੰਸ | 139-172=5 ਮੈਥ | 281-314=9 | 295-330=9 |
| 297-328=10 | | | | 173-206=6 ਸਾਇੰਸ | 173-206=6 ਮੈਥ | 315-348=10 | 331-366=10 |

(ਉਪਰੋਕਤ ਟੇਬਲ ਵਿੱਚ ਸਾਇੰਸ ਅਤੇ ਮੈਥ ਦੇ ਸ਼ੁਰੂਆਤੀ ਪੀਰੀਅਡ ਟੈਕਨੀਕਲ ਵਿਸ਼ਾ ਹੋਣ ਕਰਕੇ 1-42 ਦੀ ਬਜਾਏ 1-36 ਰੱਖੇ ਗਏ ਹਨ ਕਿਉਕਿ ਇਨ੍ਹਾਂ ਵਿਸ਼ਿਆਂ ਨੂੰ ਹੋਰ ਕਿਸੇ ਵਿਸ਼ੇ ਦੇ ਅਧਿਆਪਕ ਵੱਲੋਂ ਪੜਾਉਣਾ ਮੁਸ਼ਕਿਲ ਹੈ।)

**ਘ.** ਉਪਰੋਕਤ ਨਾਰਮ ਅਨੁਸਾਰ ਵਾਧੂ ਅਧਿਆਪਕਾਂ/ਅਸਾਮੀਆਂ ਦੀ ਰੈਸ਼ਨੇਲਾਈਜੇਸ਼ਨ ਕਰਦੇ ਸਮੇਂ ਹੇਠ ਲਿਖੇ ਨੁਕਤਿਆਂ ਨੂੰ ਵੀ ਉਚੇਚੇ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇ:-

**1.** ਜੇਕਰ ਕਿਸੇ ਸਕੂਲ ਵਿੱਚ ਕੋਈ ਰੈਗੂਲਰ ਅਧਿਆਪਕ, ਡਿਮਾਂਡ ਦੀ ਅਸਾਮੀ ਤੇ ਕੰਮ ਕਰ ਰਿਹਾ ਹੈ ਭਾਵੇਂ ਉਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਡਿਮਾਂਡ ਵੀ ਬਣਦੀ ਹੈ, ਪ੍ਰੰਤੂ ਫਿਰ ਵੀ ਉਸ ਨੂੰ ਜਿਲ੍ਹੇ ਵਿੱਚ ਉਸ ਦੇ ਵਿਸ਼ੇ ਦੀ ਖਾਲੀ ਅਸਾਮੀ ਤੇ ਸ਼ਿਫਟ ਕੀਤਾ ਜਾਵੇ ਅਤੇ ਜੇਕਰ ਜਿਲ੍ਹੇ ਅੰਦਰ ਖਾਲੀ ਅਸਾਮੀ ਨਹੀਂ ਹੈ, ਪ੍ਰੰਤੂ ਸਰਪਲੱਸ ਖਾਲੀ ਅਸਾਮੀ ਹੈ ਤਾਂ ਕਰਮਚਾਰੀ ਨੂੰ ਸ਼ਿਫਟ ਕਰਨ ਦੀ ਬਜਾਏ, ਸਰਪਲੱਸ ਆਸਾਮੀ ਸ਼ਿਫਟ ਕਰਕੇ ਉਸ ਡਿਮਾਂਡ ਵਾਲੇ ਕਰਮਚਾਰੀ ਦੇ ਸਕੂਲ ਨੂੰ ਦੇ ਕੇ ਕਰਮਚਾਰੀ ਨੂੰ ਉਸ ਅਸਾਮੀ ਤੇ ਅਡਜੈਸਟ ਕੀਤਾ ਜਾਵੇ। ਜੇਕਰ ਕੋਈ ਵੀ ਸਰਪਲੱਸ ਖਾਲੀ ਆਸਾਮੀ ਵੀ ਨਹੀਂ ਹੈ ਤਾਂ ਕਰਮਚਾਰੀ ਨੂੰ ਮੰਡਲ ਪੂਲ ਵਿੱਚ ਭੇਜਿਆ ਜਾਵੇ ਅਤੇ ਮੰਡਲ ਅਫਸਰ ਵੱਲੋਂ ਮੰਡਲ ਪੱਧਰ ਤੇ ਆਪਣੇ ਕਿਸੇ ਵੀ ਜਿਲ੍ਹੇ ਦੇ ਲੋੜਵੰਦ ਸਕੂਲ ਵਿੱਚ ਤੈਨਾਤ ਕਰ ਦਿੱਤਾ ਜਾਵੇ ਅਤੇ ਮੰਡਲ ਪੂਲ ਵਿੱਚ ਵੀ ਜੇਕਰ ਅਡਜਸਟਮੈਂਟ ਨਹੀਂ ਹੁੰਦੀ ਤਾਂ ਉਸ ਨੂੰ ਸਟੇਟ ਪੂਲ ਵਿੱਚ ਭੇਜ ਕੇ ਕਰਮਚਾਰੀ ਨੂੰ ਐਡਜਸਟ ਕੀਤਾ ਜਾਵੇ।ਭਾਵ ਕਿ ਹਰ ਵਿਭਾਗੀ ਅਧਿਆਪਕ ਮੰਨਜੂਰ ਸੁਦਾ ਅਸਾਮੀ ਤੇ ਨਿਯੁਕਤ ਹੋਣਾ ਚਾਹੀਦਾ ਹੈ।

**2** ਪਿੰਡ/ਸ਼ਹਿਰ ਵਿੱਚ ਪੈਂਦੇ ਹਰੇਕ ਸਕੂਲ ਨੂੰ ਅਲੱਗ ਅਲੱਗ ਇਕਾਈ ਮੰਨਿਆ ਜਾਵੇਗਾ ਅਤੇ ਜੇਕਰ ਕੋਈ ਸਕੂਲ ਦੋ ਅਲੱਗ ਅਲੱਗ ਥਾਵਾਂ ਤੇ ਅਲੱਗ ਅਲੱਗ ਬਿਲਡਿੰਗਾਂ ਵਿੱਚ ਚਲਦਾ ਹੈ ਤਾਂ ਉਨ੍ਹਾਂ ਨੂੰ ਅਲੱਗ ਅਲੱਗ ਇਕਾਈਆਂ ਮੰਨ ਕੇ, ਸਾਰੀਆਂ ਲੋੜੀਦੀਆਂ ਅਸਾਮੀਆਂ ਦਾ ਪ੍ਰਬੰਧ ਕੀਤਾ ਜਾਵੇ।

**3.** ਸਭ ਤੋਂ ਪਹਿਲਾਂ ਡਿਮਾਂਡ ਦੀ ਅਸਾਮੀ ਤੇ ਕੰਮ ਕਰ ਰਹੇ ਰੈਗੂਲਰ ਕਰਮਚਾਰੀਆਂ ਨੂੰ ਸ਼ਿਫਟ ਕੀਤਾ ਜਾਵੇ।

**4.** ਜੇਕਰ ਡਿਮਾਂਡ ਦੀ ਅਸਾਮੀ ਤੇ ਕੋਈ ਰੈਗੂਲਰ ਕਰਮਚਾਰੀ ਕੰਮ ਨਾ ਕਰਦਾ ਹੋਵੇ ਪਰ ਐਸ.ਐਸ.ਏ./ ਸੀ.ਐਸ.ਐਸ./ ਆਰ.ਐਮ.ਐਸ.ਏ. ਅਧਿਆਪਕਾਂ ਕੰਮ ਕਰ ਰਹੇ ਹੋਣ ਤਾਂ ਉਨ੍ਹਾ ਵਿੱਚੋਂ ਵਿੱਚੋਂ ਲੰਬੀ ਠਹਿਰ ਵਾਲਾ ਅਧਿਆਪਕ ਹੀ ਪਹਿਲਾਂ ਸ਼ਿਫਟ ਕੀਤਾ ਜਾਵੇਗਾ।

**5.** ਜੇਕਰ ਡਿਮਾਂਡ ਦੀ ਅਸਾਮੀ ਤੇ ਕੋਈ ਵੀ ਅਧਿਆਪਕ ਕੰਮ ਨਹੀਂ ਕਰ ਰਿਹਾ ਤਾਂ ਸਕੂਲ ਵਿੱਚੋਂ ਕਿਸੇ ਵੀ ਕਿਸਮ ਦਾ ਸਰਪਲੱਸ ਅਧਿਆਪਕ ਜਿਸ ਦਾ ਸਕੂਲ ਵਿੱਚ ਸਭ ਤੋਂ ਵੱਧ ਠਹਿਰਾਓ ਹੈ, ਉਸ ਨੂੰ ਪਹਿਲਾ ਸ਼ਿਫਟ ਕੀਤਾ ਜਾਵੇ। ਸਰਪਲੱਸ ਅਧਿਆਪਕਾਂ ਨੂੰ ਸਿਫਟ ਕਰਦੇ ਸਮੇਂ ਸ਼ਟੇਸ਼ਨ ਚੋਣ ਲਈ ਅੰਗਹੀਣ, ਵਿਧਵਾਂ, ਕੁਆਰੀ, ਕਰਮਚਾਰੀ ਨੂੰ ਕ੍ਰਮਵਾਰ ਪਹਿਲ ਦਿੱਤੀ ਜਾਵੇ।

**6.** ਜੇਕਰ ਕਿਸੇ ਸਕੂਲ ਵਿੱਚ ਐਸ.ਐਸ.ਦੀ ਖਾਲੀ ਪੋਸਟ ਤੇ ਅੰਗਰੇਜੀ ਵਿਸ਼ੇ ਦਾ ਐਸ.ਐਸ.ਏ. ਅਧਿਆਪਕ ਕੰਮ ਕਰ ਰਿਹਾ ਹੈ ਤਾਂ ਐਸ.ਐਸ. ਦੀ ਪੋਸਟ ਸਰਪਲਸ ਹੋਣ ਦੀ ਸੂਰਤ ਵਿੱਚ ਐਸ.ਐਸ. ਵਿਸ਼ੇ ਦੇ ਵਿਭਾਗੀ ਅਧਿਆਪਕ ਨੂੰ ਪਾਲਿਸੀ ਅਨੁਸਾਰ ਸਿਫਟ ਕੀਤਾ ਜਾਵੇ ਭਾਵੇਂ ਉਹ ਰੈਗੂਲਰ ਹੋਵੇ ਪਰ ਖਾਲੀ ਪੋਸਟ ਸਿਫਟ ਨਾ ਕੀਤੀ ਜਾਵੇ ਅਤੇ ਇਹ ਅਸਾਮੀ ਅੰਗਰੇਜੀ ਵਿਸ਼ੇ ਦੇ ਐਸ.ਐਸ.ਏ ਅਧਿਆਪਕ ਨਾਲ ਭਰੀ ਸਮਝੀ ਜਾਵੇ। ਇਹ ਨਿਯਮ ਸਕੂਲ ਵਿੱਚ ਮੌਜੂਦ ਐਸ.ਐਸ. ਵਿਸ਼ੇ ਦੀਆਂ ਕੁੱਲ ਅਸਾਮੀਆਂ ਦੇ ½ ਹਿੱਸੇ ਤੱਕ ਅੰਗਰੇਜੀ ਵਿਸ਼ੇ ਦੀਆਂ ਅਸਾਮੀਆਂ ਭਰ ਜਾਣ ਤੱਕ ਲਾਗੂ ਹੋਵੇਗੀ।

**7.** ਜਿਹੜੇ ਸਕੂਲਾਂ ਵਿੱਚ ਅੰਗਰੇਜ਼ੀ ਅਧਿਆਪਕ ਦੀ ਮਨਜ਼ੂਰ ਸ਼ੁਦਾ ਅਸਾਮੀ ਹੋਵੇ, ਉਸਨੂੰ ਐਸ ਐਸ ਵਿਸ਼ੇ ਦੀਆਂ ਅਸਾਮੀਆਂ ਨਾਲ ਜੋੜ ਕੇ ਰੈਸ਼ਨੇਲਾਈਜੇਸ਼ਨ ਲਈ ਨਾ ਵਿਚਾਰਿਆ ਜਾਵੇ ਭਾਵੇਂ ਉਹ ਅਸਾਮੀ ਖਾਲੀ ਹੋਵੇ ਜਾਂ ਉਸ ਤੇ ਕੰਮ ਕਰਦੇ ਕਰਮਚਾਰੀ ਦੀ ਠਹਿਰ ਵੱਧ ਹੋਵੇ। ਅਜਿਹੇ ਕੇਸਾਂ ਵਿੱਚ ਸਸ ਦੀ ਵਾਧੂ ਅਸਾਮੀ ਨੂੰ ਹੀ ਰੈਸ਼ਨੇਲਾਈਜੇਸ਼ਨ ਲਈ ਵਿਚਾਰਿਆ ਜਾਵੇ।

**8.** 7654 ਅਤੇ 3442 ਵਾਲੇ ਕਰਮਚਾਰੀਆਂ ਨੂੰ ਵਿਭਾਗੀ ਕਰਮਚਾਰੀਆਂ ਦੇ ਤੌਰ ਤੇ ਹੀ ਸਮਝਿਆ ਜਾਵੇ ।

**9.** ਹਰ ਕਰਮਚਾਰੀ ਦਾ ਕੁਲ ਸੇਵਾਕਾਲ 59 ਸਾਲ ਮੰਨ ਕੇ ਅਖਰਲੇ ਸਾਲ ਵਿੱਚ ਰੈਸ਼ਨਲਾਈਜੇਸ਼ਨ ਤੋਂ ਛੋਟ ਦਿੱਤੀ ਜਾਵੇ।ਜੇਕਰ ਫਿਰ ਵੀ ਕੋਈ ਕਰਮਚਾਰੀ ਆਪਣਾ ਕੁੱਲ ਸੇਵਾਕਾਲ 58 ਸਾਲ ਦਾ ਹੀ ਦਾਅਵਾ ਕਰਦਾ ਹੈ ਭਾਵ ਕਿ ਉਹ ਕਹਿੰਦਾ ਹੈ ਕਿ ਮੈਂ ਤਾਂ 58 ਸਾਲ ਤੇ ਰਿਟਾਇਰਮੈਂਟ ਲੈਣੀ ਹੈ ਅਤੇ ਮੈਂਨੂੰ ਅਖੀਰਲੇ ਸਾਲ ਲਈ ਰੈਸ਼ਨਲਾਈਜੇਸ਼ਨ ਤੋਂ ਛੋਟ ਦਿੱਤੀ ਜਾਵੇ ਤਾਂ ਉਸ ਤੋਂ ਨਾਲ ਨੱਥੀ ਸਵੈ-ਘੋਸ਼ਣਾ ਪੱਤਰ (ਅਨੈਕਚਰ ਏ) ਲੈ ਕੇ ਲਾਭ ਦੇ ਦਿੱਤਾ ਜਾਵੇ ਇਹ ਸਵੈ-ਘੋਸ਼ਣਾ ਪੱਤਰ ਉਸ ਦੀ ਰਿਟਾਇਰਮੈਂਟ ਲਈ ਬੇਨਤੀ ਪੱਤਰ ਸਮਝ ਕੇ ਇੱਕ ਸਾਲ ਦਾ ਵਾਧਾ ਨਹੀਂ ਦਿੱਤਾ ਜਾਵੇਗਾ। ਮਿਤੀ 30 ਅਪ੍ਰੈਲ 2014 ਅਤੇ ਪਹਿਲਾਂ ਰਿਟਾਇਰ ਹੋਣ ਵਾਲੇ ਕਰਮਚਾਰੀ ਦੀ ਅਸਾਮੀ ਸਰਪਲੱਸ ਹੋਣ ਕਰਕੇ ਉਸ ਨੂੰ ਸਿਫਟ ਨਾ ਕੀਤਾ ਜਾਵੇ। ਇਸ ਦੀ ਥਾਂ ਤੇ ਮੈਰਿਟ ਅਨੁਸਾਰ ਅਗਲੇ ਕਰਮਚਾਰੀ ਨੂੰ ਸ਼ਿਫਟ ਕਰ ਦਿੱਤਾ ਜਾਵੇ। ਉਸਦੀ ਅਗਲੇ ਮਹੀਨਿਆਂ ਦੋਰਾਨ ਖਾਲੀ ਹੋ ਰਹੀ ਆਸਾਮੀ ਵਿਰੁੱਧ ਰੈਸ਼ਨੇਲਾਈਜੇਸ਼ਨ ਸਮੇਂ ਪਹਿਲਾਂ ਹੀ ਹੋਰ ਅਧਿਆਪਕ ਨਾਂ ਨਿਯੁਕਤ ਕੀਤਾ ਜਾਵੇ।ਇਹ ਖਾਲੀ ਅਸਾਮੀ ਬਦਲੀ ਰਾਹੀਂ ਜਾਂ ਨਵੀਂ ਨਿਯੁਕਤੀ ਰਾਹੀਂ ਹੀ ਭਰੀ ਜਾਵੇਗੀ।ਪਰ ਇਹ ਛੋਟ ਆਰ.ਐਮ.ਐਸ.ਏ. ਦੇ ਸਕੂਲਾਂ ਵਿੱਚ ਕੰਮ ਕਰਦੇ ਰੈਗੂਲਰ ਵਿਭਾਗੀ ਕਰਮਚਾਰੀਆਂ ਤੇ ਲਾਗੂ ਨਹੀ ਹੋਵੇਗੀ ਭਾਵ ਕਿ ਜੇਕਰ ਉੱਥੇ ਨਿਯਮਾ ਅਨੁਸਾਰ ਵਿਭਾਗੀ ਅਸਾਮੀ ਸਰਪਲੱਸ ਹੁੰਦੀ ਹੈ ਤਾਂ ਉਸ ਨੂੰ ਤੁਰੰਤ ਹੀ ਨਿਯਮਾਂ ਅਨੁਸਾਰ ਸ਼ਿਫਟ ਕੀਤਾ ਜਾਵੇ।

**10.** ਨੇਤਰਹੀਣ, ਅੰਗਹੀਣ (ਜਿਹਨਾਂ ਦੇ ਲੋਅਰ/ ਅੱਪਰ ਲਿੰਬਜ਼ ਪੱਕੇ ਤੌਰ ਤੇ 50% ਨਕਾਰਾ ਹੋਣ ) ਨੂੰ ਸ਼ਿਫਟ ਨਾ ਕੀਤਾ ਜਾਵੇ। ਇਸ ਬਾਰੇ ਜ਼ਿਲੇ ਦੇ ਸਿਵਲ ਸਰਜਨ ਵਲੋਂ ਜਾਰੀ ਕੀਤੇ ਗਏ ਪ੍ਰਮਾਣ ਪੱਤਰ ਨੂੰ ਤਸਦੀਕ ਕਰਵਾਉਣ ਉਪਰੰਤ ਕਾਰਵਾਈ ਕੀਤੀ ਜਾਵੇ।

**11.** ਮਿਡਲ/ਹਾਈ/ ਸੀਨੀ.ਸਕੈਂਡਰੀ ਸਕੂਲਾਂ ਵਿੱਚ ਲੋੜੀਦੀ ਸਾਇੰਸ ਦੀ ਪਹਿਲੀ ਅਸਾਮੀ ਤੇ ਕੇਵਲ ਬੀ.ਐਸ.ਸੀ.(ਨਾਨ-ਮੈਡੀਕਲ) ਸਾਇੰਸ ਅਧਿਆਪਕ ਹੀ ਰੱਖੇ ਜਾਣ ਅਤੇ ਕਿਸੇ ਵੀ ਸੂਰਤ ਵਿੱਚ ਬੀ.ਐਸ.ਸੀ. (ਮੈਡੀਕਲ) ਵਾਲੇ ਅਧਿਆਪਕ ਨੂੰ ਇਸ ਅਸਾਮੀ ਤੇ ਨਾ ਰੱਖਿਆ ਜਾਵੇ। ਦੋ ਸਾਇੰਸ ਅਧਿਆਪਕਾਂ ਦੀ ਲੋੜ ਤੇ ਇੱਕ ਮੈਡੀਕਲ ਅਤੇ ਦੂਜਾ ਨਾਨ-ਮੈਡੀਕਲ ਹੋਵੇਗਾ।ਜੇਕਰ ਮੈਡੀਕਲ ਵਾਲਾ ਅਧਿਆਪਕ ਸ਼ਿਫਟ ਕਰਨ ਉਪਰੰਤ ਜ਼ਿਲ੍ਹੇ ਵਿੱਚ ਨਾਨ ਮੇਡੀਕਲ ਵਾਲਾ ਅਧਿਆਪਕ ਉਪਲੱਬਧ ਨਾ ਹੋਵੇ ਤਾ ਉਸ ਮੈਡੀਕਲ ਅਧਿਆਪਕ ਨੂੰ ਸ਼ਿਫਟ ਨਾ ਕੀਤਾ ਜਾਵੇ ।ਇਸ ਸਬੰਧੀ ਜਿਲਾ ਸਿੱਖਿਆ ਅਫਸਰ ਵੱਲੋਂ ਤਸਦੀਕ ਕੀਤਾ ਜਾਵੇ ਕਿ ਜਿਲੇ ਅੰਦਰ ਕੋਈ ਵੀ ਵਾਧੂ ਨਾਨ ਮੈਡੀਕਲ ਅਧਿਆਪਕ ਨਹੀਂ ਹੈ। ਜੇਕਰ ਸਕੂਲ ਵਿੱਚ ਸਾਇੰਸ ਤੇ ਮੈਥ ਅਧਿਆਪਕ ਵੀ ਹੋਵੇ ਤਾਂ ਉੱਥੇ ਪਹਿਲਾਂ ਸਾਇੰਸ ਅਧਿਆਪਕ ਮੈਡੀਕਲ ਵਿਸ਼ੇ ਦਾ ਹੋਵੇਗਾ। ਜਿਲ੍ਹੇ ਵਿਚ ਨਾਨ ਮੈਡੀਕਲ ਅਧਿਆਪਕਾਂ ਨੂੰ ਸਿਫਟ ਕਰਨ ਸਮੇ ਰੈਸ਼ਨੇਲਾਈਜੇਸ਼ਨ ਕਾਰਨ ਸ਼ਿਫਟ ਕੀਤੇ ਮੈਡੀਕਲ ਵਾਲੇ ਅਧਿਆਪਕਾਂ ਦੀ ਥਾਂ ਪਹਿਲ ਦੇ ਆਧਾਰ ਤੇ Choice ਮੰਗ ਕੇ ਲਗਾਇਆ ਜਾਵੇ।

**12.** ਜੇਕਰ ਕਿਸੇ ਸਕੂਲ ਵਿੱਚ ਕੋਈ ਅਧਿਆਪਕ ਲੰਮੇ ਸਮੇਂ ਭਾਵ 6 ਮਹੀਨੇ ਤੋਂ ਵੱਧ ਸਮੇਂ ਲਈ ਸਕੂਲ ਤੋਂ ਬਾਹਰ ਹੈ (ਸਿਵਾਏ ਪ੍ਰਸੂਤਾ/ਮੈਡੀਕਲ ਛੁੱਟੀ ਜਾਂ ਸਰਕਾਰ ਵਲੋਂ ਕਿਸੇ ਡਿਊਟੀ ਤੇ ਹੋਵੇ) ਜਾਂ ਉਹ ਬਿਨਾਂ ਮਨਜੂਰ ਛੁੱਟੀ ਤੋਂ ਚੱਲ ਰਿਹਾ ਹੈ ਤਾਂ ਉਸਨੂੰ ਗੈਰਹਾਜਰ ਸਮਝ ਕੇ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਮੁੱਖ ਰਖਦੇ ਹੋਏ ਅਜਿਹੇ ਕਰਮਚਾਰੀ ਦਾ ਲੀਅਨ ਦਫਤਰ ਮੰਡਲ ਸਿੱਖਿਆ ਅਫਸਰ ਵਿਖੇ ਸ਼ਿਫਟ ਕੀਤਾ ਜਾਵੇ।

**13.** ਜ਼ਿਲੇ ਅੰਦਰ ਵਾਧੂ ਹੋਏ ਅਧਿਆਪਕਾਂ ਨੂੰ ਕਾਡਰ ਦੀ ਕੁੱਲ ਲੰਮੀ ਸੇਵਾ ਦੇ ਆਧਾਰ ਤੇ ਜ਼ਿਲੇ ਵਿੱਚ ਉਪਲਬਧ ਖਾਲੀ ਅਤੇ ਲੋੜਵੰਦ ਸਟੇਸ਼ਨਾਂ ਤੇ ਉਹਨਾਂ ਦੀ ਚੋਣ ਅਨੁਸਾਰ ਸਟੇਸ਼ਨ ਦਿੱਤਾ ਜਾਵੇ। ਅੰਗਹੀਣ, ਵਿਧਵਾ, ਕੁਆਰੀ ਲੜਕੀ ਨੂੰ ਸਰਪਲੱਸ ਹੋਣ ਦੀ ਸੂਰਤ ਵਿੱਚ ਸਭ ਤੋਂ ਨਜਦੀਕੀ ਲੋੜਵੰਦ ਸਟੇਸ਼ਨ ਤੇ ਐਡਜਸਟ ਕਰਨ ਲਈ ਤਰਜੀਹ ਦਿੱਤੀ ਜਾਵੇ।ਆਖਰੀ ਮੈਰਿਟ ਬਰਾਬਰ ਹੋਣ ਤੇ ਕੁੱਲ ਲੰਬੀ ਸੇਵਾ ਨੂੰ ਪਹਿਲ ਦਿੱਤੀ ਜਾਵੇ ।

**14.** ਜ਼ਿਲ੍ਹੇ ਅੰਦਰ ਵਾਧੂ ਹੋਈਆਂ ਖਾਲੀ ਅਸਾਮੀਆਂ ਨੂੰ ਲੋੜਵੰਦ ਸਟੇਸ਼ਨਾਂ ਤੇ ਸ਼ਿਫਟ ਕਰਨ ਵੇਲੇ ਸਭ ਤੋਂ ਪਹਿਲਾਂ ਡੀ-ਕੈਟਾਗਰੀ

ਅਤੇ ਉਸਤੋਂ ਬਾਅਦ ਕ੍ਰਮਵਾਰ ਸੀ-ਕੈਟਾਗਰੀ, ਬੀ-ਕੈਟਾਗਰੀ ਅਤੇ ਅੰਤ ਵਿੱਚ ਏ-ਕੈਟਾਗਰੀ ਵਾਲੇ ਸਟੇਸ਼ਨਾਂ ਨੂੰ ਚੁਣਿਆ ਜਾਵੇ।

**15.** ਜ਼ਿਲ੍ਹੇ ਵਿੱਚ ਵਾਧੂ, ਖਾਲੀ ਜਾਂ ਭਰੀਆਂ ਅਸਾਮੀਆਂ ਮੰਡਲ ਪੂਲ/ਰਾਜ ਪੂਲ ਵਿੱਚ ਚਲੀਆਂ ਜਾਣਗੀਆਂ।

**16.** ਲੜਕੀਆਂ ਦੇ ਸਕੂਲਾਂ ਵਿੱਚ ਕੇਵਲ ਇਸਤਰੀ ਅਧਿਆਪਕ ਹੀ ਲਗਾਏ ਜਾਣ ਦੀ ਕੋਸ਼ਿਸ਼ ਕੀਤੀ ਜਾਵੇ।

**17.** ਸਮੇਂ ਅਤੇ ਵਿਸ਼ੇਸ ਹਾਲਤਾ ਅਨੁਸਾਰ ਵਿਭਾਗ ਦੀ ਬਿਹਤਰ ਕਾਰਗੁਜ਼ਾਰੀ ਲਈ ਸਰਕਾਰ ਜੇਕਰ ਚਾਹੇ ਤਾਂ ਇਸ ਨੀਤੀ ਤੋਂ ਛੋਟ ਦੇ ਸਕਦੀ ਹੈ।